**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਿਟੀ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ ।**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ
2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਐਮਡੀਐਮਸੀ/2010/6064-6103
ਮਿਤੀ ਚੰਡੀਗੜ੍ਹ 06 ਸਤੰਬਰ, 2010

ਵਿਸ਼ਾ ਮਿੱਡ ਡੇ ਮੀਲ ਸਬੰਧੀ ।

1.0 ਉਪਰੋਕਤ ਵਿਸ਼ੇ ਤੇ ਇਸ ਦਫਤਰ ਵੱਲੋਂ ਜਾਰੀ ਕੀਤੇ ਗਏ ਪੱਤਰ ਨੰ ਐਮਡੀਐਮਸੀ/ਐਮਐਚਐਨ/2010/5356-295 ਮਿਤੀ 17.8.2010 ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜਿਸ ਰਾਹੀਂ ਮਿੱਡ ਡੇ ਮੀਲ ਸਕੀਮ ਤਹਿਤ ਹਰ ਸੋਮਵਾਰ ਨੂੰ ਵਿਦਿਆਰਥੀਆਂ ਨੂੰ ਖੀਰ ਖਿਲਾਉਣ ਲਈ ਕਿਹਾ ਗਿਆ ਸੀ ।

2.0 ਸਮੇ ਸਮੇ ਸਿਰ ਕਈ ਸਕੂਲ ਮੁੱਖੀਆਂ ਤੋਂ ਮਿਲੀ ਜਾਣਕਾਰੀ ਤੋਂ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਸਾਰੇ ਸਕੂਲਾਂ ਵਿੱਚ ਸੋਮਵਾਰ ਨੂੰ ਖੀਰ ਬਨਾਉਣ ਨਾਲ ਦੁੱਧ ਦੀ ਕਮੀ ਹੋ ਜਾਂਦੀ ਹੈ । ਸਕੂਲ ਮੁੱਖੀਆਂ ਨੇ ਸੁਝਾਅ ਦਿੱਤਾ ਹੈ ਕਿ ਹਫਤੇ ਵਿੱਚ ਇਕ ਦਿਨ ਖੀਰ ਦੇਣ ਦਾ ਫੈਸਲਾ ਉਨ੍ਹਾਂ ਤੇ ਛੱਡ ਦਿੱਤਾ ਜਾਵੇ ਤਾਂ ਜੋ ਉਹ ਵਧੀਆ ਤਰੀਕੇ ਨਾਲ ਮਿੱਡ ਡੇ ਮੀਲ ਨੂੰ ਨੇਪਰੇ ਚਾੜ ਸਕਦੇ ਹਨ । ਸਕੂਲ ਮੁੱਖੀਆਂ ਵੱਲੋਂ ਦਿੱਤੇ ਸੁਝਾਅ ਨੂੰ ਮੁੱਖ ਰੱਖਦੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਜ਼ਰੂਰੀ ਨਹੀਂ ਹੈ ਕਿ ਸੋਮਵਾਰ ਨੂੰ ਹੀ ਖੀਰ ਦਿੱਤੀ ਜਾਵੇ ਪਰੰਤੂ ਸਕੂਲ ਮੁੱਖੀ ਇਹ ਗੱਲ ਯਕੀਨੀ ਬਣਾਉਣ ਕਿ ਹਫਤੇ ਦੇ ਕਿਸੀ ਵੀ ਦਿਨ ਮਿੱਡ ਡੇ ਮੀਲ ਵਿੱਚ ਖੀਰ ਦੇ ਦਿੱਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ